ਨਿਊਜ਼ ਰਿਲੀਜ਼

# ਮੁੜ-ਕੇਂਦ੍ਰਿਤ ਸਿਹਤ-ਸੰਭਾਲ: ਵਾਰਤਾਲਾਪ ਨੂੰ ਜਾਰੀ ਰੱਖਣਾ

09 ਜਨਵਰੀ, 2025 ਮੀਡੀਆ ਵੱਲੋਂ ਪੁੱਛਗਿੱਛ

## ਜਿਸ ਦੌਰਾਨ ਸੂਬੇ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਮੁੜ-ਕੇਂਦ੍ਰਿਤ ਕਰਨ ਅਤੇ ਬਿਹਤਰ ਬਣਾਉਣ ਲਈ ਕੰਮ ਜਾਰੀ ਹੈ, ਅਲਬਰਟਾ ਵਾਸੀਆਂ ਨੂੰ ਆਪਣੀ ਫੀਡਬੈਕ ਸਾਂਝੀ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਨਵੰਬਰ 2023 ਵਿੱਚ, ਅਲਬਰਟਾ ਦੀ ਸਰਕਾਰ ਨੇ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ, ਸਥਾਨਕ ਤੌਰ 'ਤੇ ਫੈਸਲੇ ਲੈਣ ਨੂੰ ਸਮਰੱਥਾ ਦੇਣ, ਅਗਲੀ ਕਤਾਰ ਦੇ ਵਰਕਰਾਂ ਲਈ ਸਹਾਇਤਾ ਵਧਾਉਣ ਅਤੇ ਸਾਰੇ ਅਲਬਰਟਾ ਵਾਸੀਆਂ ਲਈ ਸਿਹਤ ਨਤੀਜਿਆਂ ਵਿੱਚ ਸੁਧਾਰ ਕਰਨ ਲਈ ਸਿਹਤ ਸੰਭਾਲ ਪ੍ਰਣਾਲੀ ਨੂੰ ਮੁੜ-ਕੇਂਦ੍ਰਿਤ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ। ਇਸ ਪੂਰੀ ਪ੍ਰਕਿਰਿਆ ਦੌਰਾਨ, ਸਰਕਾਰ ਨੇ ਅਲਬਰਟਾ ਵਾਸੀਆਂ ਅਤੇ ਸਿਹਤ ਸੰਭਾਲ ਪ੍ਰਦਾਤਾਵਾਂ ਤੋਂ ਨਵੀਂ ਪ੍ਰਣਾਲੀ ਬਾਰੇ ਫੀਡਬੈਕ ਅਤੇ ਵਿਚਾਰ ਇਕੱਠੇ ਕਰਨ ਵਿੱਚ ਮਦਦ ਲਈ ਵਿਅਕਤੀਗਤ ਹਾਜ਼ਰੀ ਵਾਲੇ ਜਨਤਕ ਸੈਸ਼ਨ ਆਯੋਜਿਤ ਕੀਤੇ ਹਨ ਅਤੇ ਔਨਲਾਈਨ ਸਾਧਨਾਂ ਦੀ ਵਰਤੋਂ ਕੀਤੀ ਹੈ।

ਅਲਬਰਟਾ ਦੀ ਸਰਕਾਰ ਨਵੀਂ ਪ੍ਰਣਾਲੀ ਨੂੰ ਆਕਾਰ ਦੇਣ ਲਈ ਅਲਬਰਟਾ ਵਾਸੀਆਂ ਦੀ ਸੂਝ ਅਤੇ ਤਜ਼ਰਬਿਆਂ ਦੀ ਵਰਤੋਂ ਕਰਨ ਲਈ ਵਚਨਬੱਧ ਹੈ, ਅਤੇ 21 ਜਨਵਰੀ ਤੋਂ ਸ਼ੁਰੂ ਕਰਦੇ ਹੋਏ ਵਿਅਕਤੀਗਤ ਹਾਜ਼ਰੀ ਵਾਲੇ ਜਨਤਕ ਸੈਸ਼ਨਾਂ ਸਮੇਤ, ਸ਼ਮੂਲੀਅਤ ਦਾ ਦੂਜਾ ਦੌਰ ਆਯੋਜਿਤ ਕਰੇਗੀ। ਅਲਬਰਟਾ ਵਾਸੀਆਂ ਨੂੰ ਮੁੜ-ਕੇਂਦ੍ਰਿਤ ਕਰਨ ਦੇ ਨਵੀਨਤਮ ਕੰਮ ਅਤੇ ਉਹਨਾਂ ਲਈ ਇਸਦਾ ਕੀ ਅਰਥ ਹੈ, ਬਾਰੇ ਤਾਜ਼ਾ ਜਾਣਕਾਰੀ ਦੇਣ ਤੋਂ ਇਲਾਵਾ, ਇਹ ਸੈਸ਼ਨ ਸਿਹਤ-ਸੰਭਾਲ ਤੱਕ ਪਹੁੰਚ ਅਤੇ ਸਿਹਤ ਸੰਭਾਲ ਕਰਮਚਾਰੀਆਂ ਦੇ ਮੌਜੂਦਾ ਤਜ਼ਰਬਿਆਂ ਬਾਰੇ ਦ੍ਰਿਸ਼ਟੀਕੋਣ ਇਕੱਠੇ ਕਰਨਗੇ, ਅਤੇ ਸਥਾਨਕ ਤੌਰ 'ਤੇ ਫੈਸਲੇ ਲੈਣ ਨੂੰ ਬਿਹਤਰ ਬਣਾਉਣ ਦੇ ਮੌਕਿਆਂ ਦੀ ਪਛਾਣ ਕਰਨਗੇ।

"ਸ਼ੁਰੂ ਤੋਂ ਹੀ, ਅਸੀਂ ਇੱਕ ਅਜਿਹੀ ਸਿਹਤ ਸੰਭਾਲ ਪ੍ਰਣਾਲੀ ਬਣਾਉਣ ਲਈ ਵਚਨਬੱਧ ਰਹੇ ਹਾਂ ਜੋ ਹਰੇਕ ਅਲਬਰਟਾ ਵਾਸੀ ਲਈ ਕੰਮ ਕਰੇ। ਵਾਰਤਾਲਾਪ ਜਾਰੀ ਰੱਖ ਕੇ, ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਉਹਨਾਂ ਦੇ ਤਜ਼ਰਬੇ, ਦ੍ਰਿਸ਼ਟੀਕੋਣ ਅਤੇ ਮੁਹਾਰਤ ਸਾਡੇ ਫੈਸਲੇ ਲੈਣ ਵਿੱਚ ਨਜ਼ਰ ਆਉਣ।"

*ਐਡਰੀਆਨਾ ਲਾਗਰੇਂਜ (Adriana LaGrange), ਸਿਹਤ ਮੰਤਰੀ*

ਇਸ ਮਹੀਨੇ ਤੋਂ ਸ਼ੁਰੂ ਕਰਦੇ ਹੋਏ, ਸਾਰੇ ਅਲਬਰਟਾ ਵਾਸੀਆਂ ਨੂੰ ਸੂਬੇ ਭਰ ਵਿੱਚ ਆਯੋਜਿਤ ਕੀਤੇ ਜਾ ਰਹੇ ਵਿਅਕਤੀਗਤ ਹਾਜ਼ਰੀ ਵਾਲੇ ਸ਼ਮੂਲੀਅਤ ਸੈਸ਼ਨਾਂ ਵਿੱਚੋਂ ਇੱਕ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। ਕਾਰਜਕ੍ਰਮ ਔਨਲਾਈਨ ਮਿਲ ਸਕਦਾ ਹੈ ਅਤੇ ਸੈਸ਼ਨਾਂ ਲਈ ਰਜਿਸਟ੍ਰੇਸ਼ਨ ਹੁਣ alberta.ca 'ਤੇ ਖੁੱਲ੍ਹ ਗਈ ਹੈ।

ਪਹਿਲੇ ਸੈਸ਼ਨਾਂ ਦੇ ਨਤੀਜੇ, ਜਿਨ੍ਹਾਂ ਦਾ ਸਾਰ 'ਅਸੀਂ ਕੀ ਸੁਣਿਆ ਹੈ (What We Heard)' ਰਿਪੋਰਟ ਵਿੱਚ ਦਿੱਤੇ ਗਿਆ ਹੈ, ਨੇ ਮੁੜ-ਕੇਂਦ੍ਰਿਤ ਸਿਹਤ ਸੰਭਾਲ ਪ੍ਰਣਾਲੀ ਦੇ ਡਿਜ਼ਾਈਨ ਅਤੇ ਲਾਗੂਕਰਨ ਵਿੱਚ ਸਹਾਇਤਾ ਕੀਤੀ ਹੈ। ਸ਼ਮੂਲੀਅਤ ਦੇ ਦੂਜੇ ਦੌਰ ਦੇ ਨਤੀਜਿਆਂ ਤੋਂ ਇਸ ਕੰਮ ਲਈ ਹੋਰ ਜਾਣਕਾਰੀ ਮਿਲੇਗੀ।

ਸ਼ਮੂਲੀਅਤ ਦੇ ਪਹਿਲੇ ਦੌਰ ਦੇ ਬਾਅਦ ਤੋਂ, ਅਲਬਰਟਾ ਦੀ ਸਰਕਾਰ ਨੇ ਸੂਬਾਈ ਸਿਹਤ ਏਜੰਸੀਆਂ 'ਰਿਕਵਰੀ ਅਲਬਰਟਾ (Recovery Alberta)' ਅਤੇ 'ਪ੍ਰਾਇਮਰੀ ਕੇਅਰ ਅਲਬਰਟਾ (Primary Care Alberta)' ਦੀ ਸ਼ੁਰੂਆਤ ਕੀਤੀ ਹੈ, 'ਐਕਿਊਟ ਕੇਅਰ ਅਲਬਰਟਾ (Acute Care Alberta)' ਦਾ ਐਲਾਨ ਕੀਤਾ ਹੈ, ਨਵੀਂ ਪ੍ਰਣਾਲੀ ਵਿੱਚ ਤਬਦੀਲੀ ਦਾ ਸਮਰਥਨ ਕਰਨ ਲਈ ਵਿਧਾਨਕ ਸੋਧਾਂ ਨੂੰ ਲਾਗੂ ਕੀਤਾ ਹੈ ਅਤੇ ਇੱਕ ਸਹਾਇਕ ਜੀਵਨ ਸੂਬਾਈ ਸਿਹਤ ਏਜੰਸੀ ਅਤੇ ਖੇਤਰੀ ਸਲਾਹਕਾਰ ਕੌਂਸਲਾਂ ਸਥਾਪਤ ਕਰਨ ਲਈ ਕੰਮ ਜਾਰੀ ਰੱਖਿਆ ਹੈ।

ਸਿਹਤ ਸੰਭਾਲ ਪ੍ਰਣਾਲੀ ਨੂੰ ਮੁੜ-ਕੇਂਦ੍ਰਿਤ ਕਰਨ ਅਤੇ ਸ਼ਮੂਲੀਅਤ ਦੇ ਮੌਕਿਆਂ ਬਾਰੇ ਤਾਜ਼ਾ ਜਾਣਕਾਰੀ ਲੈਂਦੇ ਰਹਿਣ ਵਿੱਚ ਦਿਲਚਸਪੀ ਰੱਖਣ ਵਾਲੇ ਅਲਬਰਟਾ ਵਾਸੀ ਇੱਕ ਈ-ਨਿਊਜ਼ਲੈਟਰ ਲਈ ਵੀ ਸਾਈਨ-ਅੱਪ ਕਰ ਸਕਦੇ ਹਨ।

## ਫੌਰੀ ਤੱਥ

- ਜਨਵਰੀ ਅਤੇ ਜੂਨ 2024 ਦੇ ਵਿਚਕਾਰ ਆਯੋਜਿਤ ਕੀਤੀਆਂ ਗਈਆਂ ਸ਼ਮੂਲੀਅਤਾਂ ਦੇ ਸ਼ੁਰੂਆਤੀ ਦੌਰ ਵਿੱਚ, ਸੂਬੇ ਭਰ ਵਿੱਚ ਵਿਅਕਤੀਗਤ ਹਾਜ਼ਰੀ ਵਾਲੇ 65 ਜਨਤਕ ਸੈਸ਼ਨ ਕੀਤੇ ਗਏ। ਲਗਭਗ 3,000 ਅਲਬਰਟਾ ਵਾਸੀਆਂ, ਸਿਹਤ ਸੰਭਾਲ ਕਰਮਚਾਰੀਆਂ, ਮਰੀਜ਼ਾਂ ਅਤੇ ਦੇਖਭਾਲ ਕਰਨ ਵਾਲਿਆਂ ਨੇ ਇਨ੍ਹਾਂ ਸੈਸ਼ਨਾਂ ਵਿੱਚ ਹਿੱਸਾ ਲਿਆ।
  - 18,000 ਤੋਂ ਵੱਧ ਲੋਕਾਂ ਨੇ ਔਨਲਾਈਨ ਸਾਧਨਾਂ ਰਾਹੀਂ ਵੀ ਆਪਣੀ ਫੀਡਬੈਕ ਸਾਂਝੀ ਕੀਤੀ ਅਤੇ ਲਗਭਗ 10,000 ਲੋਕਾਂ ਨੇ ਵਰਚੁਅਲ ਟਾਊਨ ਹਾਲਾਂ ਵਿੱਚ ਹਿੱਸਾ ਲਿਆ।
  - ਜਨਤਕ ਸ਼ਮੂਲੀਅਤ ਸੈਸ਼ਨਾਂ ਤੋਂ ਇਲਾਵਾ, ਮੂਲਵਾਸੀ ਭਾਈਚਾਰਿਆਂ, ਫ੍ਰੈਂਕੋਫੋਨ ਭਾਈਚਾਰੇ ਅਤੇ ਹੋਰ ਮੁੱਖ ਸਿਹਤ ਭਾਈਵਾਲਾਂ ਨਾਲ ਸਮਰਪਿਤ ਸ਼ਮੂਲੀਅਤਾਂ ਆਯੋਜਿਤ ਕੀਤੀਆਂ ਗਈਆਂ।

## ਸੰਬੰਧਿਤ ਜਾਣਕਾਰੀ

- ਔਨਲਾਈਨ ਸਮਾਂ-ਸਾਰਣੀ ਅਤੇ ਰਜਿਸਟ੍ਰੇਸ਼ਨ
- ਅਸੀਂ ਕੀ ਸੁਣਿਆ ਹੈ (What We Heard) ਰਿਪੋਰਟ
- ਅਲਬਰਟਾ ਵਿੱਚ ਸਿਹਤ ਸੰਭਾਲ ਨੂੰ ਮੁੜ ਕੇਂਦ੍ਰਿਤ ਕਰਨਾ | ਅਲਬਰਟਾ ਔਨਲਾਈਨ ਸ਼ਮੂਲੀਅਤ
- ਸਿਹਤ-ਸੰਭਾਲ ਨੂੰ ਮੁੜ ਕੇਂਦ੍ਰਿਤ ਕਰਨਾ ਨਿਊਜ਼ਲੈਟਰ

- ਰਿਕਵਰੀ ਅਲਬਰਟਾ (Recovery Alberta)
- ਪ੍ਰਾਇਮਰੀ ਕੇਅਰ ਅਲਬਰਟਾ (Primary Care Alberta)

## ਸੰਬੰਧਿਤ ਖ਼ਬਰਾਂ

- ਸਫਲਤਾਪੂਰਵਕ ਮੁੜ ਕੇਂਦ੍ਰਿਤ ਸਿਹਤ ਪ੍ਰਣਾਲੀ ਨੂੰ ਯਕੀਨੀ ਬਣਾਉਣਾ (18 ਨਵੰਬਰ, 2024)
- ਮੁਢਲੀ ਦੇਖਭਾਲ ਨੂੰ ਭਵਿੱਖ ਵਿੱਚ ਲਿਜਾਉਣਾ (15 ਅਕਤੂਬਰ, 2024)
- ਅਲਬਰਟਾ ਵਾਸੀਆਂ ਦੇ ਵਿਚਾਰ ਸਿਹਤ-ਸੰਭਾਲ ਨੂੰ ਮੁੜ-ਕੇਂਦ੍ਰਿਤ ਕਰਨ ਵਿੱਚ ਸਹਾਇਤਾ ਕਰਦੇ ਹਨ (11 ਅਕਤੂਬਰ, 2024)

## ਮੀਡੀਆ ਪੁੱਛ-ਗਿਛ


### Jessi Rampton (ਜੈਸੀ ਰੈਂਪਟਨ)

780-427-2137
ਪ੍ਰੈੱਸ ਸੈਕ੍ਰੇਟਰੀ, ਸਿਹਤ